# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 29.03.2022 ਨੂੰ ਦੁਪਹਿਰ 12.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

ਸ਼੍ਰੀਮਤੀ ਰਮਨ ਗੋਇਲ
ਮੇਅਰ

ਨਿਗਰਾਨ ਇੰਜੀਨੀਅਰ
ਵਾਸਤੇ ਕਮਿਸ਼ਨਰ

ਸ਼੍ਰੀ ਅਸ਼ੋਕ ਕੁਮਾਰ
ਸੀਨੀਅਰ ਡਿਪਟੀ ਮੇਅਰ

ਸ੍ਰ: ਹਰਮੰਦਰ ਸਿੰਘ
ਡਿਪਟੀ ਮੇਅਰ

ਸ਼੍ਰੀ ਬਲਜਿੰਦਰ ਸਿੰਘ
ਮੈਂਬਰ ਐਫ.ਐਂਡ ਸੀ.ਸੀ.

ਸ਼੍ਰੀਮਤੀ ਪ੍ਰਵੀਨ ਗਰਗ
ਮੈਂਬਰ ਐਫ.ਐਂਡ ਸੀ.ਸੀ.

| ਲੜੀ ਨੰ: | ਮਤਾ ਨੰ: | ਏਜੰਡਾ ਆਈਟਮ ਨੰ: | ਮਤਾ ਜੋ ਪਾਸ ਹੋਇਆ |
|---|---|---|---|
| 1 | 351 | ਏਜੰਡਾ ਨੰ: 1:<br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 04.01.2022 ਦੀ ਕਾਰਵਾਈ ਦੀ ਪਕਿਆਈ। | **ਮੀਟਿੰਗ ਮਿਤੀ 04.01.2022 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |
| 2 | 352 | ਏਜੰਡਾ ਨੰ: 2:<br>ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਡੰਪ ਸਾਈਟ ਤੇ ਪਿਛਲੇ ਸਾਲਾਂ ਵਿੱਚ ਜਮ੍ਹਾਂ ਹੋਏ ਕੂੜ੍ਹੇ ਦੀ ਰੈਮੀਡੇਸ਼ਨ ਲਈ Rotary Trommel ਲਗਾਇਆ ਗਿਆ ਹੈ।ਇਸ ਵਿੱਚ ਕੂੜ੍ਹਾ ਫੀਡ ਕਰਨ ਲਈ ਦਫਤਰ ਵੱਲੋਂ ਟੈਂਡਰ ਪ੍ਰਣਾਲੀ (ਵਰਕ ਆਰਡਰ ਨੰਬਰ 1563/ਈ ਮਿਤੀ 14.10.2020) ਰਾਹੀਂ ਇੱਕ ਜੇ.ਸੀ.ਬੀ. ਠੇਕੇ ਤੇ ਲੈ ਕੇ ਇੱਕ ਸਾਲ ਕੰਮ ਕੀਤਾ ਗਿਆ। ਵਰਕ ਆਰਡਰ ਦੀਆਂ ਸ਼ਰਤਾਂ ਅਨੁਸਾਰ ਇਹ ਠੇਕਾ 112549/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਦਿੱਤਾ ਗਿਆ ਸੀ। ਇਸ ਵਿੱਚ ਐਤਵਾਰ ਅਤੇ ਰਾਸ਼ਟਰੀ ਛੁੱਟੀਆਂ ਦੇ ਪੈਸੇ ਨਹੀਂ ਕੱਟੇ ਜਾ ਸਕਦੇ। ਇਹ ਕਿ ਕੰਮ ਇੱਕ ਸਾਲ ਪੂਰਾ ਹੋਣ ਤੋਂ ਬਾਅਦ ਇਸਨੂੰ ਅੱਗੇ ਚਲਾਉਣ ਲਈ ਮਤਾ/ਤਖਮੀਨਾ (ਮਤਾ ਨੰਬਰ 112 ਮਿਤੀ 22.10.2021) ਵਿੱਤ ਅਤੇ ਠੇਕਾ ਕਮੇਟੀ ਪਾਸ ਮਿਤੀ 22.10.2021 ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਜੋ ਕਿ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਪ੍ਰਵਾਨ ਕੀਤਾ ਗਿਆ। ਵਿੱਤ ਅਤੇ ਠੇਕਾ ਕਮੇਟੀ ਵੱਲੋਂ ਇਸ ਕੰਮ ਲਈ 1134000/- ਰੁਪਏ ਦੀ ਰਕਮ ਪ੍ਰਵਾਨ ਕੀਤੀ ਹੈ। ਜੇ.ਸੀ.ਬੀ. ਠੇਕੇ ਤੇ ਲੈਣ ਲਈ ਨਵਾਂ ਟੈਂਡਰ ਲਗਾਇਆ ਗਿਆ ਹੈ, ਜਿਸਨੂੰ ਆਦਰਸ਼ ਚੋਣ ਜਾਬਤਾ ਲੱਗਣ ਕਾਰਨ ਖੋਲਿਆ ਨਹੀਂ ਜਾ ਸਕਦਾ। ਇਹ ਕਿ ਮਾਨਯੋਗ ਗ੍ਰੀਨ ਟ੍ਰਿਬਿਊਨਲ ਵੱਲੋਂ ਦਿੱਤੀਆਂ ਹਦਾਇਤਾਂ ਅਤੇ ਸੋਲਿਡ ਵੇਸਟ ਮੈਨੇਜ਼ਮੈਂਟ ਰੂਲਜ਼-2016 ਦੀ ਪਾਲਣਾਂ ਹਿਤ ਇਹ ਕੰਮ ਸਮਾਂ ਬੱਧ ਕੀਤਾ ਜਾਣਾ ਹੈ। ਸੀ.ਈ.ਓ. ਪੀ.ਐਮ.ਆਈ.ਡੀ.ਸੀ. ਅਤੇ ਸਹਾਇਕ ਪ੍ਰੋਜੈਕਟ ਡਾਇਰੈਕਟਰ (ਸੋਲਿਡ ਵੇਸਟ ਮੈਨੇਜ਼ਮੈਂਟ) ਵੱਲੋਂ ਰੈਮੀਡੇਸ਼ਨ ਨੂੰ ਸ਼ੁਰੂ ਕਰਨ ਲਈ ਆਖਿਆ ਜਾ ਰਿਹਾ ਹੈ। ਜਲਦ ਹੀ ਰਾਜ ਪੱਧਰ ਦੀ ਟੀਮ ਵੀ ਸਾਈਟ ਦਾ ਦੋਰਾ ਕਰ ਸਕਦੀ ਹੈ । ਇਸ Rotary Trommel ਨੂੰ ਜਲਦ ਚਲਾਉਣਾ ਜਰੂਰੀ ਹੈ ਤਾਂ ਜੋ ਇੰਸਪੈਕਸ਼ਨ ਕਰਨ ਆਈ ਟੀਮ ਨੂੰ ਇੰਸਪੈਕਸ਼ਨ ਕਰਵਾਈ ਜਾ ਸਕੇ। ਜੇਕਰ ਉੱਚ ਅਧਿਕਾਰੀਆਂ ਨੂੰ ਪ੍ਰਵਾਨ ਹੋਵੇ ਤਾਂ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਪ੍ਰਵਾਨਤ ਰਕਮ ਅਧੀਨ ਪੁਰਾਣੇ ਰੇਟਾਂ (ਪਿਛਲੇ ਟੈਂਡਰ ਅਨੁਸਾਰ) ਅਤੇ ਪੁਰਾਣੀਆਂ ਸ਼ਰਤਾਂ ਤੇ ਇੱਕ ਮਹੀਨੇ ਲਈ ਜੇ.ਸੀ.ਬੀ ਮਾਰਕੀਟ ਵਿੱਚੋਂ ਕਿਰਾਏ ਤੇ ਲੈ ਲਈ ਜਾਵੇ। ਇੱਕ ਮਹੀਨੇ ਲਈ ਪੁਰਾਣੇ ਰੇਟਾਂ ਅਤੇ ਪੁਰਾਣੀਆਂ ਸ਼ਰਤਾਂ ਤੇ ਜੇ.ਸੀ.ਬੀ. ਮਾਰਕੀਟ ਵਿੱਚੋਂ ਕਿਰਾਏ ਤੇ ਲੈ ਕੇ ਕੰਮ ਕਰਵਾਉਣ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 3 | 353 | ਏਜੰਡਾ ਨੰ: 3:<br>ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਡੰਪ ਸਾਈਟ ਤੇ ਪਿਛਲੇ ਸਾਲਾਂ ਵਿੱਚ ਜਮ੍ਹਾਂ ਹੋਏ ਕੂੜ੍ਹੇ ਦੀ ਰੈਮੀਡੇਸ਼ਨ ਲਈ Rotary Trommel ਲਗਾਇਆ ਗਿਆ ਹੈ।ਇਸ ਵਿੱਚ ਕੂੜ੍ਹਾ ਫੀਡ ਕਰਨ ਲਈ ਦਫਤਰ ਵੱਲੋਂ ਟੈਂਡਰ ਪ੍ਰਣਾਲੀ (ਵਰਕ ਆਰਡਰ ਨੰਬਰ 1563/ਈ ਮਿਤੀ 14.10.2020) ਰਾਹੀਂ ਇੱਕ ਜੇ.ਸੀ.ਬੀ. ਠੇਕੇ ਤੇ ਲੈ ਕੇ ਇੱਕ ਸਾਲ ਕੰਮ ਕੀਤਾ ਗਿਆ। ਵਰਕ ਆਰਡਰ ਦੀਆਂ ਸ਼ਰਤਾਂ ਅਨੁਸਾਰ ਇਹ ਠੇਕਾ 1,12,549/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਦਿੱਤਾ ਗਿਆ ਸੀ। ਇਸ ਵਿੱਚ ਐਤਵਾਰ ਅਤੇ ਰਾਸ਼ਟਰੀ ਛੁੱਟੀਆਂ ਦੇ ਪੈਸੇ ਨਹੀਂ ਕੱਟੇ ਜਾ ਸਕਦੇ। ਇਹ ਕਿ ਕੰਮ ਇੱਕ ਸਾਲ ਪੂਰਾ ਹੋਣ ਤੋਂ ਬਾਅਦ ਇਸਨੂੰ ਅੱਗੇ ਚਲਾਉਣ ਲਈ ਮਤਾ/ਤਖਮੀਨਾ (ਮਤਾ ਨੰਬਰ 112 ਮਿਤੀ 22.10.2021) ਵਿੱਤ ਅਤੇ ਠੇਕਾ ਕਮੇਟੀ ਪਾਸ ਮਿਤੀ 22.10.2021 ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਜੋ ਕਿ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਪ੍ਰਵਾਨ ਕੀਤਾ ਗਿਆ। ਵਿੱਤ ਅਤੇ ਠੇਕਾ ਕਮੇਟੀ ਵੱਲੋਂ ਇਸ ਕੰਮ ਲਈ 1134000/- ਰੁਪਏ ਦੀ ਰਕਮ ਪ੍ਰਵਾਨ ਕੀਤੀ ਹੈ। ਇਹ ਕਿ ਮਾਨਯੋਗ ਗਰੀਨ ਟ੍ਰਿਬਿਊਨਲ ਵੱਲੋਂ ਦਿੱਤੀਆਂ ਹਦਾਇਤਾਂ ਅਤੇ | |

| | | | |
|---|---|---|---|
| | | ਸੋਲਿਡ ਵੇਸਟ ਮੈਨੇਜ਼ਮੈਂਟ ਰੂਲਜ਼-2016 ਦੀ ਪਾਲਣਾਂ ਹਿੱਤ ਇਹ ਕੰਮ ਸਮਾਂ ਬੱਧ ਕੀਤਾ ਜਾਣਾ ਹੈ। ਸੀ.ਈ.ਓ. ਪੀ.ਐਮ.ਆਈ.ਡੀ.ਸੀ. ਅਤੇ ਸਹਾਇਕ ਪ੍ਰੋਜੈਕਟ ਡਾਇਰੈਕਟਰ (ਸੋਲਿਡ ਵੇਸਟ ਮੈਨੇਜ਼ਮੈਂਟ) ਵੱਲੋਂ ਰੈਮੀਡੇਸ਼ਨ ਨੂੰ ਸ਼ੁਰੂ ਕਰਨ ਲਈ ਆਖਿਆ ਜਾ ਰਿਹਾ ਹੈ। ਸ਼੍ਰੀ ਮੁਕਲ ਸੋਨੀ ਵੱਲੋਂ ਵੀ ਟੈਲੀਫੋਨ ਰਾਹੀਂ ਹਦਾਇਤ ਕੀਤੀ ਗਈ ਹੈ ਕਿ ਰੈਮੀਡੇਸ਼ਨ ਨੂੰ ਲਗਾਤਾਰ ਕੀਤਾ ਜਾਵੇ, ਕਿਉਂਕਿ ਸਵੱਛ ਸਰਵੇਖਣ - 2022 ਦੀ ਟੀਮ ਕਿਸੇ ਵੀ ਸਮੇਂ ਸਰਵੇਖਣ ਲਈ ਬਠਿੰਡਾ ਵਿਖੇ ਆ ਸਕਦੀ ਹੈ। ਇਸ ਕੰਮ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਪਹਿਲਾਂ ਮਿਤੀ 16.02.2022 ਤੋਂ 15.03.2022 ਤੱਕ ਪਿਛਲੇ ਵਾਲੇ ਰੇਟ ਅਤੇ ਪਹਿਲਾਂ ਵਾਲੀਆਂ ਸ਼ਰਤਾਂ ਤੇ ਵਰਤਿਆ ਗਿਆ ਹੈ। ਹੁਣ ਇਸ ਕੰਮ ਨੂੰ ਜੇ.ਸੀ.ਬੀ ਨਾ ਹੋਣ ਕਾਰਨ ਬੰਦ ਕਰਨਾ ਪਵੇਗਾ। ਇਸ ਲਈ ਜੇਕਰ ਉੱਚ ਅਧਿਕਾਰੀਆਂ ਨੂੰ ਮੰਜ਼ੂਰ ਹੋਵੇ ਤਾਂ ਇਹ ਜੇ.ਸੀ.ਬੀ. ਨੂੰ ਲਗਾਤਾਰਤਾ ਵਿੱਚ ਪੁਰਾਏ ਰੇਟਾਂ ਅਤੇ ਪੁਰਾਣੀਆਂ ਸ਼ਰਤਾਂ ਤੇ ਲੈ ਕੇ ਦੋ ਮਹੀਨਾ ਹੋਰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਕਿਰਾਏ ਤੇ ਲੈ ਲਿਆ ਜਾਵੇ ਅਤੇ ਕੰਮ ਨੂੰ ਲਗਾਤਾਰਤਾ ਵਿੱਚ ਚਲਾਇਆ ਜਾਵੇ। ਇੱਥੇ ਇਹ ਦਸਣਯੋਗ ਹੈ ਕਿ ਪਹਿਲਾਂ ਚੋਣ ਜਾਬਤਾ ਕਾਰਨ ਇਸ ਦਾ ਟੈਂਡਰ ਨਹੀਂ ਲਗਾਇਆ ਗਿਆ ਸੀ। ਹੁਣ ਜੇ.ਸੀ.ਬੀ. ਠੇਕੇ ਤੇ ਲੈਣ ਲਈ ਟੈਂਡਰ ਲਗਾ ਦਿੱਤਾ ਗਿਆ ਹੈ। ਇਸ ਸਮੇਂ ਦੌਰਾਨ ਇਹ ਕੰਮ ਅਲਾਟ ਕਰ ਦਿੱਤਾ ਜਾਵੇਗਾ।<br>ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਇਹ ਕੰਮ ਕਰਾਉਣਾ ਅਤਿ ਜਰੂਰੀ ਹੈ। NGT ਦੀਆਂ guidelines ਅਨੁਸਾਰ Remedition plant ਚਲਾਉਣਾ ਲਾਜ਼ਮੀ ਹੈ ਤਾਂ ਜੋ ਕਈ ਸਾਲਾਂ ਤੋਂ ਡੰਪ ਕੀਤਾ ਕੂੜ੍ਹਾ ਨੂੰ segregate ਕਰਨਾ ਹੈ। ਉਪਰੋਕਤ ਕੰਮ ਦੇ ਟੈਂਡਰ 05.04.2022 ਨੂੰ ਪਹਿਲੀ ਵਾਰ ਮੰਗ ਲਏ ਗਏ ਹਨ। ਇਸ ਲਈ ਉਹਨੀਂ ਦੇਰ ਤੱਕ ਇਹ ਜੇ.ਸੀ.ਬੀ. ਕਿਰਾਏ ਤੇ ਲੈਣ ਦੀ ਪ੍ਰਵਾਨਗੀ in anticipation of F&CC Meeting ਪ੍ਰਵਾਨ ਕਰ ਲਈ ਜਾਵੇ ਜੀ"।<br>ਜੇ.ਸੀ.ਬੀ. ਮਾਰਕੀਟ ਵਿੱਚੋਂ ਕਿਰਾਏ ਤੇ ਲੈ ਕੇ ਕੰਮ ਕਰਵਾਉਣ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| **4** | **354** | **ਏਜੰਡਾ ਨੰ: 4:**<br>ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਸੜ੍ਹਕਾਂ ਜਿਵੇਂ ਕਿ ਰੋਜ਼ ਗਾਰਡਨ ਤੋਂ ਆਈ.ਟੀ.ਆਈ. ਚੌਂਕ ਤੱਕ, 100 ਫੁੱਟੀ ਰੋਡ : ਵਾਲਮੀਕਿ ਚੌਂਕ ਤੋਂ ਬੀੜ੍ਹ ਰੋਡ ਚੌਂਕ ਤੱਕ, ਨਾਰਥ ਅਸਟੇਟ ਰੋਡ : ਆਵਾ ਬਸਤੀ, 80 ਫੁੱਟੀ ਰੋਡ, ਭੱਟੀ ਰੋਡ, ਮਾਡਲ ਟਾਊਨ ਮੇਨ ਰੋਡ ਸਮੇਤ ਪਾਰਕਿੰਗ ਦੀ ਸਫਾਈ ਲਈ 45 ਸਫਾਈ ਸੇਵਕ 6 ਮਹੀਨਿਆਂ ਲਈ ਰੱਖਣ ਖਾਤਰ 32,64,030/- ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਹ ਲੇਬਰ ਪਹਿਲਾਂ ਹੀ ਲਗਾਤਾਰ ਸ਼ਹਿਰ ਦੀਆਂ ਮੇਨ ਸੜ੍ਹਕਾਂ ਦੀ ਸਫਾਈ ਕਰ ਰਹੀ ਹੈ। ਤਖਮੀਨੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| **5** | **355** | **ਏਜੰਡਾ ਨੰ: 5:**<br>ਰਿਪੋਰਟ ਸਿਹਤ ਸ਼ਾਖਾ ਕਿ ਫਾਇਰ ਟੈਂਡਰ ਨੰਬਰ PB 65 J 1239 ਦਾ ਅੰਬੂਜਾ ਫੈਕਟਰੀ ਦੇ ਨਾਲ ਲੱਗੇ ਸਰਕੰਡੇ ਦੀ ਅੱਗ ਬੁਝਾਉਣ ਸਮੇਂ ਗੱਡੀ ਦੇ ਸੈਂਟਰੀਫਿਊਗਲ ਪੰਪ ਦਾ ਐਮਪੇਲਰ ਟੁੱਟ ਗਿਆ ਹੈ। ਕਣਕ ਦੇ ਸੀਜ਼ਨ ਅਤੇ ਮੇਲਿਆਂ ਸਮੇਂ ਦੌਰਾਨ ਮੇਲਾ ਮਾਇਸਰਖਾਨਾ, ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਫਾਇਰ ਟੈਂਡਰ ਭੇਜੇ ਜਾਂਦੇ ਹਨ। ਇਸ ਕਰਕੇ ਐਮਰਜੈਂਸੀ ਨੂੰ ਮੁੱਖ ਰੱਖਦੇ ਹੋਏ ਇਸਦੀ ਰਿਪੇਅਰ ਕਰਵਾਉਣਾ ਅਤਿ ਜਰੂਰੀ ਹੈ। ਇਸਨੂੰ ਰਿਪੇਅਰ ਕਰਵਾਉਣ ਤੇ ਮਿਸਤਰੀ ਦੇ ਕਹਿਣ ਮੁਤਾਬਿਕ ਲੇਬਰ ਸਮੇਤ ਲਗਭਗ 30,000/- ਰੁਪਏ GST extra as per applicable items, final bill amount after work done ਖਰਚਾ ਆਵੇਗਾ। ਆਉਣ ਵਾਲੇ ਖਰਚੇ ਲਈ ਦਸਤੀ ਕੁਟੈਸ਼ਨਾਂ ਲੈ ਕੇ ਕੰਮ ਕਰਵਾਉਣ ਅਤੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

<table>
<tr><td>6</td><td>356</td><td>

**ਏਜੰਡਾ ਨੰ: 6:**

ਰਿਪੋਰਟ ਬਾਗਬਾਨੀ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਪਾਰਕਾਂ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

<table>
<tr><th>Sr. No.</th><th>Name of Work</th><th>Estimate (in lac)</th></tr>
<tr><td>1.</td><td>Supply of labour for Jogger Park, Rose Garden & Green Waste Machine for one year</td><td>60.50</td></tr>
<tr><td>2.</td><td>Supply of labour for City Parks, Roadside plantation and Safai Sewak for City Parks for one year</td><td>83.23</td></tr>
</table>

ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ।

</td><td>ਪ੍ਰਵਾਨ ਹੈ।</td></tr>
<tr><td>7</td><td>357</td><td>

**ਏਜੰਡਾ ਨੰ: 7:**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਹਰ ਸਾਲ ਮਹੀਨਾ ਅਪ੍ਰੈਲ ਤੋਂ ਸ਼ਹਿਰ ਅੰਦਰ ਡੇਂਗੂ, ਚਿਕਨਗੁਨੀਆ ਅਤੇ ਮਲੇਰੀਆ ਦੀ ਰੋਕਥਾਮ ਲਈ ਸ਼ਹਿਰ ਅੰਦਰ ਚਾਰ ਫੋਗਿੰਗ ਹਰ ਮਹੀਨੇ ਕੀਤੀਆਂ ਜਾਂਦੀਆਂ ਹਨ। ਸਰਕਾਰ ਵੱਲੋਂ ਹੁਣ ਫੋਗ ਸਪਰੇਅ ਲਈ ਦਵਾਈ Cyphernothrin 5% ਦੀ ਵਰਤੋਂ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਸਮੇਂ ਨਗਰ ਨਿਗਮ ਦੀ ਸਿਹਤ ਸ਼ਾਖਾ ਪਾਸ ਫੋਗ ਸਪਰੇਅ ਖਤਮ ਹੋਣ ਵਾਲੀ ਹੈ। ਖਿਡੇਲ ਨਾਲ 2021-22 ਲਈ ਡਾਇਰੈਕਟਰ ਸਥਾਨਕ ਸਰਕਾਰ ਜੀ ਪਾਸੋਂ ਪ੍ਰਾਪਤ ਹੋਏ ਪੱਤਰ ਨੰ: ਸ2-ਜਸ-ਡਸਸ/50007-25 ਮਿਤੀ 10.12.2020 ਦੀ ਪਾਲਣਾਂ ਵਿੱਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵੱਲੋਂ New Malwa Sales Corporation Kharar ਨਾਲ ਹੋਏ ਟੈਂਡਰ ਰਾਹੀਂ 1900 ਖਰੀਦ ਕੀਤੀ ਗਈ ਸੀ। ਸ਼ਹਿਰ ਵਿੱਚ ਫੋਗਿੰਗ ਜਨਵਰੀ, ਫਰਵਰੀ ਮਹੀਨੇ ਤੱਕ ਕੀਤੀ ਜਾਂਦੀ ਹੈ। ਇਸ ਲਈ ਫੋਗਿੰਗ ਲਈ 2000 ਲੀਟਰ ਦਵਾਈ ਦੀ ਖਰੀਦ ਕਰਨੀ ਹੈ। ਡਾਇਰੈਕਟਰ, ਸਥਾਨਕ ਸਰਕਾਰ ਜੀ ਪਾਸੋਂ ਪ੍ਰਾਪਤ ਹੋਏ ਪੱਤਰ ਨੰ: ਸ2-ਜਸ-ਡਸਸ/5000-25 ਮਿਤੀ 10.12.2020 ਰਾਹੀਂ ਦਵਾਈ ਦੀ ਕੀਮਤ 1840/- ਰੁਪਏ ਸਮੇਤ ਜੀ.ਐਸ.ਟੀ. ਹੈ। ਇਸ ਤਰ੍ਹਾਂ 2000 ਲੀਟਰ ਦਵਾਈ ਖਰੀਦ ਕਰਨ ਤੇ 36,80,000/- ਰੁਪਏ ਖਰਚ ਆਵੇਗਾ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "Above work is of urgent nature. This relates to purchase of Cyhernothrin 5% insecticide for fogging. May forward to F&CC meeting for consideration, please. ਇਸ ਲਈ 2000 ਲੀਟਰ ਦਵਾਈ ਦੀ ਖਰੀਦ ਕਰਨ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।

</td><td>ਪ੍ਰਵਾਨ ਹੈ।</td></tr>
<tr><td>8</td><td>358</td><td>

**ਏਜੰਡਾ ਨੰ: 8:**

ਦਫਤਰੀ ਰਿਪੋਰਟ ਕਿ ਨਗਰ ਨਿਗਮ ਵਿਖੇ ਆਊਟਸੋਰਸ ਤੇ ਕਰਮਚਾਰੀਆਂ ਦਾ ਸਮਾਂ ਮਿਤੀ 31.03.2022 ਨੂੰ ਖਤਮ ਹੋ ਰਿਹਾ ਹੈ। ਇੰਨ੍ਹਾਂ ਵਿੱਚ 20 ਡਾਟਾ ਐਂਟਰੀ ਆਪਰੇਟਰ, 10 ਡਰਾਈਵਰ, 1 ਬੇਲਦਾਰ, 7 ਸੇਵਾਦਾਰ, 1 ਚੌਂਕੀਦਾਰ ਅਤੇ 1 ਜੀ.ਆਈ.ਐਸ. ਐਕਸਪਰਟ ਕੰਮ ਕਰਦੇ ਹਨ। ਇੰਨ੍ਹਾਂ ਤੇ ਤਕਰੀਬਨ 90.00 ਲੱਖ ਰੁਪਏ ਖਰਚਾ ਆਵੇਗਾ।

</td><td></td></tr>
</table>

<table>
<tr>
<td></td>
<td></td>
<td>ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "The above said estimate is of urgent nature. ਉਪਰੋਕਤ ਅਨੁਸਾਰ ਮਿਤੀ 01.04.2022 ਤੋਂ 31.12.2022 ਤੱਕ Outsourcing Staff ਦੀ ਤਨਖਾਹ ਵਾਸਤੇ 90.00 ਲੱਖ ਰੁਪਏ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਪਾਸ ਭੇਜਣ ਹਿੱਤ ਜੀ"।<br>ਸੋ, ਇੰਨ੍ਹਾਂ ਕਰਮਚਾਰੀਆਂ ਦਾ ਮਿਤੀ 01.04.2022 ਤੋਂ 31.12.2022 ਤੱਕ ਦੇ ਸਮੇਂ ਵਿੱਚ ਵਾਧਾ ਕਰਨ ਅਤੇ 90.00 ਲੱਖ ਰੁਪਏ ਦੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td colspan="4"><u>ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:</u></td>
</tr>
<tr>
<td>1</td>
<td>359</td>
<td><u>ਏਜੰਡਾ ਨੰ: 1:</u><br>ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਵਿੱਚ ਰੋਡ ਗੈਂਗ ਸ਼ਾਖਾ ਅਤੇ ਹੋਰ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-
<table>
<tr><th>Sr. No.</th><th>Name of Work</th><th>Estimate (in lac)</th></tr>
<tr><td>1.</td><td>Supply of labour for Road Gang Branch for one year</td><td>21.26</td></tr>
<tr><td>2.</td><td>Supply of labour for C&D Waste for one year</td><td>8.46</td></tr>
<tr><td>3.</td><td>Supply of labour for Diesel Engine for one year</td><td>8.46</td></tr>
</table>
ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td>2</td>
<td>360</td>
<td><u>ਏਜੰਡਾ ਨੰ: 2:</u><br>ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਪਾਸ ਟਾਟਾ ਏਸ ਤੇ ਲੱਗੀਆਂ ਤਿੰਨ ਸਵਿੰਗ ਫੋਗਿੰਗ ਮਸ਼ੀਨਾਂ ਰਾਹੀਂ ਸ਼ਹਿਰ ਅੰਦਰ ਫੋਗਿੰਗ ਸ਼ਡਿਊਲ ਬਣਾ ਕੇ ਫੌਗਿੰਗ ਸਪਰੇਅ ਕਰਵਾਈ ਜਾਂਦੀ ਹੈ। ਇੰਨ੍ਹਾਂ ਫੋਗਿੰਗ ਮਸ਼ੀਨਾਂ ਦੇ Resonators (ਵੰਸਰੀਆਂ) ਦੀ ਖਰੀਦ ਤਿੰਨ ਸਾਲ ਪਹਿਲਾਂ ਕੀਤੀ ਗਈ ਸੀ। ਹੁਣ ਤਿੰਨੋ ਮਸ਼ੀਂਨਾਂ ਦੀਆਂ ਵੰਸਰੀਆਂ ਬਿਲਕੁੱਲ ਕੰਡਮ ਹੋ ਗਈਆਂ ਹਨ। ਅਪ੍ਰੈਲ ਮਹੀਨੇ ਤੋਂ ਲਗਾਤਾਰ ਹਰ ਸਾਲ ਦੀ ਤਰ੍ਹਾਂ ਸ਼ਹਿਰ ਅੰਦਰ ਫੋਗਿੰਗ ਸਪਰੇਅ ਕਰਵਾਈ ਜਾਂਦੀ ਹੈ। ਇਸ ਲਈ ਤਿੰਨੋ ਸਵਿੰਗ ਫੋਗਿੰਗ ਮਸ਼ੀਨਾਂ ਰਾਹੀਂ ਵੰਸਰੀਆਂ ਦੀ ਖਰੀਦ ਕਰਨੀ ਜਰੂਰੀ ਹੈ। ਇੱਥੇ ਆਪਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਇਹ ਤਿੰਨੋ ਮਸ਼ੀਨਾਂ Eskay Enterprises New Friends Colony, New Delhi ਪਾਸੋਂ ਖਰੀਦ ਕੀਤੀਆਂ ਗਈਆਂ ਸਨ। ਇਸ ਲਈ ਇਹ ਫੋਗਿੰਗ ਮਸ਼ੀਨਾਂ ਦੀਆਂ ਵੰਸਰੀਆਂ (Resonators) ਉਕਤ ਫਰਮ ਤੋਂ ਹੀ ਮਿਲਣਗੀਆਂ। ਉਕਤ ਫਰਮ ਨਾਲ ਮੋਬਾਇਲ ਤੇ ਤਾਲਮੇਲ ਕਰਕੇ ਫਰਮ ਪਾਸੋਂ ਕੁਟੈਸ਼ਨ ਮੰਗਵਾਈ ਗਈ ਹੈ। ਪ੍ਰਾਪਤ ਕੁਟੈਸ਼ਨ ਅਨੁਸਾਰ ਇੱਕ ਮਸ਼ੀਨ ਲਈ ਵੰਸਰੀ (Resonators) ਦੀ ਕੀਮਤ 91155/- ਰੁਪਏ (ਸਮੇਤ ਟੈਕਸ) ਹੈ। ਇਸ ਅਨੁਸਾਰ ਤਿੰਨ ਵੰਸਰੀਆਂ (Resonators) ਖਰੀਦ ਕਰਨਤੇ 273465/- ਰੁਪਏ (ਸਮੇਤ ਟੈਕਸ) ਖਰਚ ਆਵੇਗਾ ਜੀ।<br>ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "The work of fogging will be undertaken in month of April 22. Work is of urgent nature. May forward to F&CC for repair of Fogging resonators amounting Rs. 273465/-, please".<br>ਖਰਚੇ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
</table>

<table>
<tr>
<td>3</td>
<td>361</td>
<td>

**ਏਜੰਡਾ ਨੰ: 3:**

ਰਿਪੋਰਟ ਵਰਕਸ ਸ਼ਾਖਾ ਕਿ ਪੰਜਾਬ ਰੋਡ ਐਂਡ ਬ੍ਰਿਜਜ਼ ਡਿਵੈਲਪਮੇਂਟ ਬੋਰਡ ਵੱਲੋਂ ਆਪਣੇ ਪੱਤਰ ਨੰ. PRBDB/2013 dated 19.05.2021 ਰਾਹੀਂ ਵੱਖ-2 ਪੰਜ ਫਰਮਾਂ ਨੂੰ ਬਤੌਰ 3rd party quality assurance consultant ਨਿਯੁਕਤ ਕੀਤਾ ਗਿਆ ਸੀ। ਜਿਸ ਦੇ ਸਬੰਧ ਵਿੱਚ ਨਗਰ ਨਿਗਮ ਵੱਲੋਂ ਆਪਣੇ ਪੱਤਰ ਨੰ. 2567 ਮਿਤੀ 30.09.2021 ਰਾਹੀਂ ਉੱਕਤ ਪੰਜ ਫਰਮਾਂ ਨੂੰ ਵਿਸ਼ੇ ਅਧੀਨ ਕੰਮ ਖਾਤਰ Consultancy Charges ਘਟਾਉਣ ਲਈ ਲਿਖਿਆ ਗਿਆ ਸੀ। ਜਿਸ ਖਾਤਰ ਉਨ੍ਹਾਂ ਨੂੰ 10.10.2021 ਤੱਕ ਦਾ ਸਮਾਂ ਦਿੱਤਾ ਗਿਆ ਸੀ। ਮਿਤੀ 11.10.2021 ਨੂੰ ਦੁਪਹਿਰ 12.00 ਵਜੇ ਹੇਠ ਲਿਖੇ ਅਨੁਸਾਰ 4 ਫਰਮਾਂ ਵੱਲੋਂ ਬੰਦ ਲਿਫਾਫੇ ਵਿੱਚ ਆਪਣੇ Consultancy Charges quote ਕੀਤੇ ਗਏ ਹਨ। ਉੱਕਤ ਦਸਤਾਵੇਜ ਸ੍ਰੀ ਜਿਤਿਨ ਕਾਂਸਲ, ਜੂਨੀਅਰ ਇੰਜੀਨੀਅਰ, ਸ੍ਰੀ ਰਜਿੰਦਰ ਕੁਮਾਰ, ਸਹਾਇਕ ਨਿਗਮ ਇੰਜੀਨੀਅਰ, ਸ੍ਰੀ ਦਵਿੰਦਰ ਜੌੜਾ,ਨਿਗਮ ਇੰਜੀਨੀਅਰ ਅਤੇ ਸ੍ਰੀ ਹਰਪਾਲ ਸਿੰਘ ਭੁੱਲਰ , ਨਿਗਰਾਨ ਇੰਜੀਨੀਅਰ ਜੀ ਦੀ ਹਾਜਰੀ ਵਿੱਚ ਖੋਲੇ ਗਏ । ਪ੍ਰਾਪਤ ਹੋਏ ਰੇਟ ਹੇਠ ਲਿਖੇ ਅਨੁਸਾਰ ਹਨ।

<table>
<tr><th>ਲੜੀ ਨੰ.</th><th>ਕੰਪਨੀ ਦਾ ਨਾਮ</th><th>ਕੋਟ ਕੀਤੇ ਗਏ ਰੇਟ</th></tr>
<tr><td>1</td><td>Wapcos Ltd</td><td>0.58% +GST</td></tr>
<tr><td>2</td><td>G-Eng Advisory Services</td><td>0.70% + GST</td></tr>
<tr><td>3</td><td>Global Engineers and Consultant</td><td>0.489%+GST</td></tr>
<tr><td>4</td><td>Shrikhhande Consultant Pvt. Ltd.</td><td>0.64%+GST</td></tr>
</table>

ਉਪਰੋਕਤ ਅਨੁਸਾਰ Global Engineers and Consultant ਦੇ ਰੇਟ 0.489% of Project Cost +GST ਸਭ ਤੋਂ ਘੱਟ ਹਨ । ਸੋ Global Engineers and Consultant ਨੂੰ ਬਤੌਰ 3rd party quality assurance consultant ਨਿਯੁਕਤ ਕਰਨ ਖਾਤਰ ਰਿਪੋਰਟ ਪੇਸ਼ ਹੈ ਜੀ।

ਨੋਟ:- Scope of work will be same as per letter No. PRBDB/2013 dated 19.05.2021 issued by Punjab Roads and Bridges Development Board.

</td>
<td>

**ਪ੍ਰਵਾਨ ਹੈ।**

</td>
</tr>
</table>

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**